**8ਵੇਂ ਭਾਰਤ-ਜਾਰਜੀਆ ਵਿਦੇਸ਼ੀ ਦਫ਼ਤਰ ਸਲਾਹ ਮਸ਼ਵਰੇ (13 ਦਸੰਬਰ, 2025)**

13 ਦਸੰਬਰ 2025

8ਵੇਂ ਭਾਰਤ- ਜਾਰਜੀਆ ਵਿਦੇਸ਼ ਦਫ਼ਤਰ ਸਲਾਹ ਮਸ਼ਵਰੇ (FOC) ਦਾ ਆਯੋਜਨ 13 ਦਸੰਬਰ 2025 ਨੂੰ ਤਬਿਲੀਸੀ ਵਿੱਚ ਕੀਤਾ ਗਿਆ ਸੀ. ਭਾਰਤੀ ਵਫ਼ਦ ਦੀ ਅਗਵਾਈ ਸ਼੍ਰੀ ਸਿਬੀ ਜਾਰਜ, ਸਕੱਤਰ (ਪੱਛਮ), ਵਿਦੇਸ਼ ਮੰਤਰਾਲੇ ਅਤੇ ਜਾਰਜੀਆ ਦੇ ਵਫ਼ਦ ਦੀ ਅਗਵਾਈ ਜਾਰਜੀਆ ਗਣਰਾਜ ਦੇ ਉਪ ਵਿਦੇਸ਼ ਮੰਤਰੀ, ਮਹਾਮਹਿਮ ਸ਼੍ਰੀ ਅਲੈਗਜ਼ੈਂਡਰ ਖਵਿਟੀਸ਼ੀਅਸ਼ਵਿਲੀ ਨੇ ਕੀਤੀ ਸੀ।

2. ਦੋਹਾਂ ਧਿਰਾਂ ਨੇ ਰਾਜਨੀਤਿਕ ਸਬੰਧਾਂ, ਵਪਾਰ ਅਤੇ ਆਰਥਿਕ ਸਹਿਯੋਗ, ਸੱਭਿਆਚਾਰਕ ਆਦਾਨ-ਪ੍ਰਦਾਨ ਅਤੇ ਲੋਕ ਵਿਚਕਾਰ ਦੇ ਆਪਸੀ ਸਬੰਧਾਂ ਦੇ ਨਾਲ-ਨਾਲ ਨਵੇਂ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਵਧਾਉਣ ਦੇ ਤਰੀਕਿਆਂ ਸਮੇਤ ਦੁਵੱਲੇ ਰਿਸ਼ਤਿਆਂ ਦੇ ਸਮੁੱਚੇ ਪਹਿਲੂਆਂ ਦੀ ਸਮੀਖਿਆ ਕੀਤੀ। ਆਪਸੀ ਹਿੱਤਾਂ ਦੇ ਖੇਤਰੀ ਅਤੇ ਗਲੋਬਲ ਮੁੱਦਿਆਂ 'ਤੇ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਗਿਆ।

3. ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਨਿਯਮਿਤ ਅਧਿਕਾਰਕ ਆਦਾਨ-ਪ੍ਰਦਾਨ ਨੂੰ ਬਣਾਈ ਰੱਖਣ ਲਈ ਸਹਿਮਤੀ ਦਿੱਤੀ ਗਈ ਸੀ।

ਤਬਿਲੀਸੀ

13 ਦਸੰਬਰ 2025